
0435CH08



# 8 ਚੀਜ਼ਾਂ ਕਿਵੇਂ ਬਣੀਆਂ

ਅਸੀਂ ਤੀਜੀ ਜਮਾਤ ਵਿੱਚ ਸਿੱਖਿਆ ਕਿ ਸਾਡੇ ਆਲ਼ੇ-ਦੁਆਲ਼ੇ ਦੀਆਂ ਚੀਜ਼ਾਂ ਵੱਖ-ਵੱਖ ਤਰ੍ਹਾਂ ਦੇ ਸਮਾਨ ਤੋਂ ਬਣੀਆਂ ਹੁੰਦੀਆਂ ਹਨ। ਕੀ ਤੁਸੀਂ ਇਹ ਜਾਣਨ ਲਈ ਉਤਸੁਕ ਹੋ ਕਿ ਇਹ ਚੀਜ਼ਾਂ ਕਿਵੇਂ ਬਣੀਆਂ? ਉਦਾਹਰਨ ਦੇ ਤੌਰ 'ਤੇ ਆਓ ਪੀਹੂ ਦੇ ਨਾਲ਼ ਜਾਣੀਏ ਕਿ ਕਾਗਜ਼ ਕਿਵੇਂ ਬਣਦਾ ਹੈ।

ਐਤਵਾਰ ਦਾ ਦਿਨ ਸੀ ਅਤੇ ਪੀਹੂ ਆਪਣੀ ਚਿੱਤਰਕਲਾ ਦੀ ਕਿਤਾਬ ਵਿੱਚ ਚਿੱਤਰਕਾਰੀ ਕਰਨ ਵਿੱਚ ਰੁੱਝੀ ਹੋਈ ਸੀ। ਉਸ ਦੀ ਮਾਂ ਇੱਕ ਅਖ਼ਬਾਰ ਪੜ੍ਹ ਰਹੀ ਸੀ। ਜਦੋਂ ਪੀਹੂ ਨੇ ਉੱਪਰ ਦੇਖਿਆ, ਤਾਂ ਉਸ ਨੇ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਰੁੱਖਾਂ ਦੀ ਇੱਕ ਫੋਟੋ ਦੇਖੀ।




© NCERT not to be republished


ਮਾਂ! ਇਸ ਫੋਟੋ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਅਸੀਂ ਕਾਗਜ਼ ਦਾ ਪੁਨਰ-ਨਿਰਮਾਣ ਕਰਦੇ ਹਾਂ, ਤਾਂ ਅਸੀਂ ਰੁੱਖਾਂ ਨੂੰ ਬਚਾ ਸਕਦੇ ਹਾਂ। ਰੁੱਖ ਅਤੇ ਕਾਗਜ਼ ਇੱਕ ਦੂਜੇ ਨਾਲ਼ ਕਿਵੇਂ ਸੰਬੰਧਿਤ ਹਨ?
ਪੀਹੂ, ਕਾਗਜ਼ ਰੁੱਖਾਂ ਤੋਂ ਹੀ ਬਣਿਆ ਹੁੰਦਾ ਹੈ।
ਕੀ ਇਸ ਦਾ ਮਤਲਬ ਹੈ ਕਿ ਮੇਰੀ ਚਿੱਤਰਕਲਾ ਦੀ ਕਿਤਾਬ ਵੀ ਰੁੱਖਾਂ ਤੋਂ ਬਣੀ ਹੈ?
ਹਾਂ, ਪੀਹੂ। ਤੁਹਾਡੀ ਚਿੱਤਰਕਲਾ ਦੀ ਕਿਤਾਬ, ਇਹ ਅਖ਼ਬਾਰ, ਕਾਗਜ਼ ਨੈਪਕਿਨ ਅਤੇ ਇੱਥੋਂ ਤੱਕ ਕਿ ਚਾਰਟ ਪੇਪਰ ਜਿਸ ਦੀ ਵਰਤੋ ਤੁਸੀਂ ਸਕੂਲ ਪ੍ਰੋਜੈਕਟਾਂ ਲਈ ਕਰਦੇ ਹੋ, ਇਹ ਸਭ ਰੁੱਖਾਂ ਤੋਂ ਬਣੇ ਹਨ।
ਮਾਂ, ਇਸ ਨੂੰ ਛੂਹੋ! ਇਸ ਪਾਤਰ ਦੀ ਸਤ੍ਹਾ ਇਸ ਤਰ੍ਹਾਂ ਲੱਗਦੀ ਹੈ; ਜਿਵੇਂ ਇਹ ਕਾਗਜ਼ ਤੋਂ ਬਣੀ ਹੋਵੇ। ਹਾਲਾਂਕਿ, ਇਹ ਮੇਰੀ ਚਿੱਤਰਕਲਾ ਦੀ ਕਿਤਾਬ ਦੇ ਉਲਟ ਰੁੱਖਾ ਮਹਿਸੂਸ ਹੁੰਦਾ ਹੈ।
ਹਾਂ, ਪੀਹੂ। ਕਿਉਂਕਿ ਇਹ ਪੁਨਰ- ਨਿਰਮਿਤ ਕੀਤੇ ਕਾਗਜ਼ ਤੋਂ ਬਣਿਆ ਹੋਇਆ ਹੈ।




## ਗਤੀਵਿਧੀ

**ਪੁਨਰ-ਨਿਰਮਿਤ ਕਾਗਜ਼ ਬਣਾਉਣਾ**



1. ਸਮਗਰੀ ਇਕੱਠੀ ਕਰੋ: ਪੁਰਾਣੇ ਅਖ਼ਬਾਰ, ਕੁਝ ਮੇਥੀ ਦੇ ਬੀਜ ਅਤੇ ਪਾਣੀ।




2. ਕਾਗਜ਼ ਦਾ ਗੁੱਦਾ ਤਿਆਰ ਕਰਨਾ: ਅਖ਼ਬਾਰਾਂ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਫਾੜੋ ਅਤੇ ਉਹਨਾਂ ਨੂੰ ਪਾਣੀ ਵਿੱਚ ਭਿਉਂ ਦਿਓ। ਪਾਣੀ ਵਿੱਚ ਥੋੜ੍ਹੇ ਜਿਹੇ ਮੇਥੀ ਦੇ ਬੀਜ ਪਾਓ ਅਤੇ ਰਾਤ ਭਰ ਛੱਡ ਦਿਓ। ਮੇਥੀ ਦੇ ਬੀਜਾਂ ਨੂੰ ਜੋੜਣ ਸਮਗਰੀ ਵਜੋਂ ਵਰਤਿਆ ਜਾਂਦਾ ਹੈ।



3. ਇੱਕ ਗਿੱਲਾ ਮਿਸ਼ਰਨ ਬਣਾਉਣ ਲਈ, ਇੱਕ ਗ੍ਰਾਈਂਡਰ ਦੀ ਵਰਤੋਂ ਕਰਕੇ ਭਿੱਜੇ ਹੋਏ ਕਾਗਜ਼ ਅਤੇ ਮੇਥੀ ਦੇ ਬੀਜਾਂ ਨੂੰ ਮਿਲਾਓ। ਭਿੱਜੇ ਹੋਏ ਕਾਗਜ਼ ਨੂੰ ਹੱਥਾਂ ਜਾਂ ਕਿਸੇ ਹੋਰ ਉਪਲਬਧ ਸਾਧਨ ਦੀ ਵਰਤੋਂ ਕਰਕੇ ਵੀ ਮਿਲਾਇਆ ਜਾ ਸਕਦਾ ਹੈ।



4. ਵੇਲਣਾ : ਪੇਸਟ ਨੂੰ ਇੱਕ ਸਮਤਲ ਬੇਸ 'ਤੇ ਫੈਲਾਓ ਅਤੇ ਇਸ ਨੂੰ ਵੇਲ ਕੇ ਪਤਲੀਆਂ ਚਾਦਰਾਂ ਬਣਾਓ।



5. ਕਾਗਜ਼ ਦੀਆਂ ਵੇਲੀਆਂ ਹੋਈਆਂ ਚਾਦਰਾਂ ਨੂੰ ਸੁੱਕਾ ਲਓ। ਤੁਹਾਡਾ ਪੁਨਰ-ਨਿਰਮਿਤ ਕੀਤਾ ਕਾਗਜ਼ ਤਿਆਰ ਹੈ!

© NCERT not to be republished



## ਗਤੀਵਿਧੀ 2

ਤੁਹਾਡੇ ਦੁਆਰਾ ਬਣਾਏ ਗਏ ਕਾਗਜ਼ ਨੂੰ ਰੰਗ ਕਰੋ ਅਤੇ ਨਮੂਨੇ ਤਿਆਰ ਕਰੋ।



## ਕੁਦਰਤੀ ਰੰਗਾਂ ਦਾ ਪ੍ਰਯੋਗ

ਪੁਨਰ-ਨਿਰਮਿਤ ਕੀਤੇ ਕਾਗਜ਼ ਨੂੰ ਇੱਕੋ ਆਕਾਰ ਦੇ ਟੁਕੜਿਆਂ ਵਿੱਚ ਕੱਟੋ। ਉਹਨਾਂ ਨੂੰ ਹੇਠਾਂ ਦਿੱਤੀ ਸਾਰਨੀ ਵਿੱਚ ਦੱਸੇ ਗਏ ਕੁਦਰਤੀ ਤੱਤਾਂ ਦੀ ਵਰਤੋਂ ਕਰਕੇ ਰੰਗ ਕਰੋ। ਤੁਸੀਂ ਕਿਸੇ ਹੋਰ ਕੁਦਰਤੀ ਸਮਗਰੀ ਦੀ ਵਰਤੋਂ ਵੀ ਕਰ ਸਕਦੇ ਹੋ। ਇਹ ਯਕੀਨੀ ਬਣਾਓ ਕਿ ਵਰਤੇ ਗਏ ਤੱਤਾਂ ਦੀ ਮਾਤਰਾ ਹਰੇਕ ਕਾਗਜ਼ ਦੇ ਟੁਕੜੇ ਨੂੰ ਰੰਗਣ ਲਈ ਇੱਕੋ ਜਿਹੀ ਹੋਵੇ। ਹੇਠਾਂ ਦਿੱਤੀ ਸਾਰਨੀ ਵਿੱਚ ਆਪਣੇ ਨਿਰੀਖਣ ਦੀ ਸੂਚੀ ਬਣਾਓ।


| ਵਰਤੀ ਗਈ ਕੁਦਰਤੀ ਸਮਗਰੀ | ਤੁਹਾਡੇ ਦੁਆਰਾ ਬਣਾਏ ਕਾਗਜ਼ ਦਾ ਨਮੂਨਾ ਇੱਥੇ ਚਿਪਕਾਓ | ਰੰਗ ਅਤੇ ਚਮਕ (ਧੁੰਦਲਾ/ਚਮਕਦਾਰ) |
|---|---|---|
| ਹਲਦੀ | | ਪੀਲ਼ਾ, ਫਿੱਕਾ |
| ਪਾਲਕ | | |
| ਚੁਕੰਦਰ | | |
| ਮਹਿੰਦੀ | | |

© NCERT not to be republished



ਕਾਗਜ਼ ਨੂੰ ਕੁਦਰਤੀ ਅਤੇ ਬਣਾਉਟੀ ਰੰਗਾਂ ਨਾਲ਼ ਵੀ ਰੰਗਿਆ ਜਾ ਸਕਦਾ ਹੈ। ਕੁਦਰਤੀ ਰੰਗ ਪੌਦੇ ਦੇ ਵੱਖ-ਵੱਖ ਹਿੱਸਿਆਂ; ਜਿਵੇਂ ਕਿ ਪੱਤਾ, ਫੁੱਲ, ਜੜ੍ਹ, ਬੀਜ, ਤਣਾ, ਆਦਿ ਤੋਂ ਬਣਾਏ ਜਾਂਦੇ ਹਨ। ਇਸ ਤਰ੍ਹਾਂ, ਤਿਆਰ ਕੀਤੇ ਗਏ ਕੁਦਰਤੀ ਰੰਗ ਵਰਤਣ ਲਈ ਸੁਰੱਖਿਅਤ ਹਨ। ਇਹਨਾਂ ਦੀ ਵਰਤੋਂ ਵੱਖ-ਵੱਖ ਸਮਗਰੀਆਂ; ਜਿਵੇਂ ਕਿ ਕੱਪੜੇ ਅਤੇ ਗਮਲੇ ਨੂੰ ਰੰਗਣ ਲਈ ਵੀ ਕੀਤੀ ਜਾਂਦੀ ਹੈ।

## ਇੱਕ ਖ਼ਾਸ ਤੋਹਫ਼ਾ



ਪੀਹੂ ਨੇ ਆਪਣੀ ਮਾਂ ਨੂੰ ਇੱਕ ਸੁੰਦਰ ਸ਼ੁੱਭ-ਕਾਮਨਾ ਪੱਤਰ (ਗ੍ਰੀਟਿੰਗ ਕਾਰਡ) ਤੋਹਫ਼ੇ ਵਿੱਚ ਦਿੱਤਾ।

**ਪੀਹੂ:** ਮਾਂ, ਮੈਨੂੰ ਸ਼ੁੱਭ-ਕਾਮਨਾ ਪੱਤਰ (ਗ੍ਰੀਟਿੰਗ ਕਾਰਡ) ਬਣਾਉਣ ਵਾਸਤੇ ਕਾਗਜ਼ ਨੂੰ ਪੁਨਰ-ਨਿਰਮਿਤ ਕਰਨਾ ਸਿਖਾਉਣ ਲਈ ਧੰਨਵਾਦ।

**ਮਾਂ:** ਓ ਪੀਹੂ, ਇਹ ਬਹੁਤ ਪਿਆਰਾ ਹੈ! ਇਹ ਮੇਰੇ ਲਈ ਇੱਕ ਖ਼ਾਸ ਤੋਹਫ਼ਾ ਹੈ।

### ਗਤੀਵਿਧੀ 3

ਪੁਨਰ-ਨਿਰਮਾਣ ਕੀਤੇ ਕਾਗਜ਼ ਤੋਂ ਬਣਿਆ ਇੱਕ ਸ਼ੁੱਭ-ਕਾਮਨਾ ਪੱਤਰ (ਗ੍ਰੀਟਿੰਗ ਕਾਰਡ), ਇੱਕ ਕਾਗਜ਼ ਦਾ ਮਖੌਟਾ ਜਾਂ ਅਜਿਹੀ ਕੋਈ ਹੋਰ ਚੀਜ਼ ਬਣਾਓ।

**ਅਧਿਆਪਕ ਲਈ ਨੋਟ**

ਵਿਦਿਆਰਥੀਆਂ ਨੂੰ ਇੱਕੋ ਆਕਾਰ ਦੇ ਕਾਗਜ਼ ਦੇ ਟੁਕੜਿਆਂ ਅਤੇ ਬਰਾਬਰ ਮਾਤਰਾ ਵਿੱਚ ਕੁਦਰਤੀ ਸਮਗਰੀ ਦੀ ਵਰਤੋਂ ਕਰਨ ਲਈ ਮਾਰਗ-ਦਰਸ਼ਨ ਕਰੋ। ਨਾਲ਼ ਹੀ, ਵਿਦਿਆਰਥੀਆਂ ਨੂੰ ਕੁਦਰਤੀ ਸਮਗਰੀ ਦੀ ਵਰਤੋਂ ਕਰਕੇ ਰੰਗ ਬਣਾਉਣ ਲਈ ਮਾਰਗ-ਦਰਸ਼ਨ ਕਰੋ ਅਤੇ ਉਹਨਾਂ ਨੂੰ ਕਾਗਜ਼ ਦੇ ਵੱਖ-ਵੱਖ ਉਪਯੋਗਾਂ ਬਾਰੇ ਰਚਨਾਤਮਕ ਤੌਰ 'ਤੇ ਸੋਚਣ ਲਈ ਉਤਸ਼ਾਹਿਤ ਕਰੋ।



© NCERT not to be republished

ਹੁਣ, ਤੁਸੀਂ ਜਾਣਦੇ ਹੋ ਕਿ ਪੁਨਰ-ਨਿਰਮਾਣ ਕਰਕੇ ਕਾਗਜ਼ ਕਿਵੇਂ ਬਣਾਉਣਾ ਹੈ। ਜੋ ਕਾਗਜ਼ ਅਸੀਂ ਕਿਤਾਬਾਂ ਵਿੱਚ ਦੇਖਦੇ ਹਾਂ ਉਹ ਪੁਨਰ-ਨਿਰਮਾਣ ਕਰਕੇ ਬਣਾਏ ਕਾਗਜ਼ ਤੋਂ ਵੱਖਰਾ ਦਿਖਾਈ ਦਿੰਦਾ ਹੈ ਕਿਉਂਕਿ ਇਹ ਲੱਕੜ ਦੇ ਗੁੱਦੇ ਤੋਂ ਬਣਿਆ ਹੁੰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਵੱਡੀ ਗਿਣਤੀ ਵਿੱਚ ਰੁੱਖ ਵੱਢੇ ਜਾਂਦੇ ਹਨ।




ਇਸ ਕਾਗਜ਼ ਨੂੰ ਤਿਆਰ ਕਰਨ ਦੇ ਪੜਾਅ ਪੁਨਰ-ਨਿਰਮਾਣ ਕੀਤੇ ਕਾਗਜ਼ ਬਣਾਉਣ ਦੇ ਪੜਾਵਾਂ ਦੇ ਸਮਾਨ ਹਨ। ਕਾਗਜ਼ ਬਣਾਉਣ ਲਈ ਬਹੁਤ ਸਾਰੇ ਰੁੱਖਾਂ ਅਤੇ ਬਹੁਤ ਜ਼ਿਆਦਾ ਪਾਣੀ ਤੇ ਊਰਜਾ ਦੀ ਲੋੜ ਹੁੰਦੀ ਹੈ। ਕਾਗਜ਼ ਅਤੇ ਹੋਰ ਸਮਾਨ ਨੂੰ ਜ਼ੁੰਮੇਵਾਰੀ ਨਾਲ਼ ਵਰਤਣਾ ਮਹੱਤਵਪੂਰਨ ਹੈ। (ਲੋੜ ਪੈਣ 'ਤੇ ਹੀ ਵਰਤੋਂ)

### ਕੀ ਤੁਸੀਂ ਜਾਣਦੇ ਹੋ?

ਪਹਿਲਾਂ ਦੇ ਸਮਿਆਂ ਵਿੱਚ, ਲੋਕ ਕਾਗਜ਼ ਦੀ ਥਾਂ ਤੇ ਵੱਖ-ਵੱਖ ਸਮਗਰੀਆਂ ਦੀ ਵਰਤੋਂ ਕਰਦੇ ਸਨ। ਉਹ ਲਿਖਣ ਲਈ ਕੱਪੜਾ, ਪੱਤੇ ਅਤੇ ਲੱਕੜ ਦੀ ਤਖ਼ਤੀ ਦੀ ਵਰਤੋਂ ਕਰਦੇ ਸਨ। ਭਾਰਤ ਵਿੱਚ ਲੋਕ, ਤਾੜ ਦੇ ਪੱਤਿਆਂ ਦੀ ਵੀ ਵਰਤੋਂ ਕਰਦੇ ਸਨ, ਜਿਨ੍ਹਾਂ ਨੂੰ ਤਾੜ-ਪੱਤਰ ਕਿਹਾ ਜਾਂਦਾ ਹੈ।

ਕੇਲੇ ਦੇ ਰੇਸ਼ੇ ਵਰਗੀ ਵਾਤਾਵਰਨ-ਅਨੁਕੂਲ ਸਮਗਰੀ ਕਾਗਜ਼ ਬਣਾਉਣ ਲਈ ਵਰਤੀ ਜਾ ਸਕਦੀ ਹੈ! ਇਹ ਵਿਕਲਪ ਰੁੱਖਾਂ ਨੂੰ ਬਚਾਉਂਦੇ ਹਨ ਅਤੇ ਸਾਡੇ ਵਾਤਾਵਰਨ ਦੀ ਰੱਖਿਆ ਕਰਦੇ ਹਨ।



### ਚਰਚਾ ਕਰੋ

1. ਕੀ ਤੁਸੀਂ ਸੋਚਦੇ ਹੋ ਕਿ ਅਸੀਂ ਕਾਗਜ਼ ਬਰਬਾਦ ਕਰਦੇ ਹਾਂ?
2. ਅਸੀਂ ਕਾਗਜ਼ ਦੀ ਬਰਬਾਦੀ ਨੂੰ ਕਿਵੇਂ ਘਟਾ ਸਕਦੇ ਹਾਂ?

**ਅਧਿਆਪਕ ਲਈ ਨੋਟ**

ਜੇਕਰ ਸੰਭਵ ਹੋਵੇ ਤਾਂ ਅਧਿਆਪਕ ਵਿਦਿਆਰਥੀਆਂ ਨੂੰ ਨੇੜਲੀ ਕਾਗਜ਼ ਮਿੱਲ ਦੇ ਖੇਤਰੀ ਦੌਰੇ 'ਤੇ ਲੈ ਜਾ ਸਕਦੇ ਹਨ।

© NCERT not to be republished



## ਗਤੀਵਿਧੀ 4

# ਵੱਖ-ਵੱਖ ਕਿਸਮਾਂ ਦੇ ਕਾਗਜ਼ ਅਤੇ ਉਹਨਾਂ ਦੇ ਉਪਯੋਗ

ਰੋਜ਼ਾਨਾ ਜੀਵਨ ਵਿੱਚ ਵਰਤੇ ਜਾਣ ਵਾਲ਼ੇ ਵੱਖ-ਵੱਖ ਕਿਸਮਾਂ ਦੇ ਕਾਗਜ਼ਾਂ ਨੂੰ ਵੇਖੋ; ਜਿਵੇਂ ਕਿ ਲਿਖਣ ਵਾਲ਼ਾ ਕਾਗਜ਼, ਅਖ਼ਬਾਰ, ਆਰਟ ਪੇਪਰ, ਗੱਤੇ ਅਤੇ ਟਿਸ਼ੂ ਪੇਪਰ। ਹੇਠਾਂ ਦਿੱਤੀ ਜਗ੍ਹਾ ਵਿੱਚ ਵੱਖ-ਵੱਖ ਕਿਸਮਾਂ ਦੇ ਕਾਗਜ਼ ਦੇ ਛੋਟੇ ਟੁਕੜੇ ਚਿਪਕਾਓ ਅਤੇ ਉਹਨਾਂ ਦੇ ਉਪਯੋਗ ਲਿਖੋ।

| ਕਾਗਜ਼ ਦੀਆਂ ਕਿਸਮਾਂ | ਉਪਯੋਗ |
|---|---|
| ਇੱਥੇ ਚਿਪਕਾਓ | |
| ਇੱਥੇ ਚਿਪਕਾਓ | |
| ਇੱਥੇ ਚਿਪਕਾਓ | |
| ਇੱਥੇ ਚਿਪਕਾਓ | |
| ਇੱਥੇ ਚਿਪਕਾਓ | |


© NCERT not to be republished



ਅਸੀਂ ਵੱਖ-ਵੱਖ ਉਦੇਸ਼ਾਂ ਲਈ ਵੱਖ-ਵੱਖ ਕਿਸਮਾਂ ਦੇ ਕਾਗਜ਼ ਵਰਤਦੇ ਹਾਂ। ਉਦਾਹਰਨ ਵਜੋਂ, ਟਿਸ਼ੂ ਪੇਪਰ ਦੀ ਵਰਤੋਂ ਸਫ਼ਾਈ ਲਈ ਕੀਤੀ ਜਾਂਦੀ ਹੈ ਕਿਉਂਕਿ ਇਹ ਬਹੁਤ ਪਤਲਾ ਤੇ ਨਰਮ ਹੁੰਦਾ ਹੈ ਅਤੇ ਪਾਣੀ ਨੂੰ ਸੋਖ ਲੈਂਦਾ ਹੈ। ਗੱਤਾ, ਮੋਟਾ ਅਤੇ ਸਖ਼ਤ ਹੁੰਦਾ ਹੈ ਅਤੇ ਇਸ ਲਈ ਇਸ ਦੀ ਵਰਤੋਂ ਵੱਖ-ਵੱਖ ਵਸਤੂਆਂ ਨੂੰ ਪੈਕ ਕਰਨ ਲਈ ਡੱਬੇ ਬਣਾਉਣ ਲਈ ਕੀਤੀ ਜਾਂਦੀ ਹੈ।

**ਕੀ ਤੁਸੀਂ ਜਾਣਦੇ ਹੋ?**

ਬ੍ਰੇਲ ਸਿਸਟਮ ਦ੍ਰਿਸ਼ਟੀਹੀਣ ਲੋਕਾਂ ਨੂੰ ਬ੍ਰੇਲ-ਪੇਪਰ ਤੇ ਵੱਖ-ਵੱਖ ਪੈਟਰਨਾਂ ਅਧੀਨ ਉਕਰੇ ਹੋਏ ਅੱਖਰਾਂ ਨੂੰ ਮਹਿਸੂਸ ਕਰਕੇ ਪੜ੍ਹਨ ਅਤੇ ਲਿਖਣ ਵਿੱਚ ਮਦਦ ਕਰਦਾ ਹੈ। ਇਹ ਪੈਟਰਨ ਵੱਖ-ਵੱਖ ਸੰਖਿਆਵਾਂ, ਵਰਨਮਾਲਾ ਅਤੇ ਵਿਰਾਮ ਚਿੰਨ੍ਹਾਂ ਨੂੰ ਦਰਸਾਉਂਦੇ ਹਨ।



## ਸਮਝਦਾਰੀ ਨਾਲ਼ ਚੋਣ ਕਰਨਾ

ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਕੂੜੇ ਨੂੰ ਘਟਾਉਣ ਲਈ 5-ਪੜਾਵਾਂ ਵਾਲ਼ੀ ਯੋਜਨਾ ਦੀ ਪਾਲਣਾ ਕਰ ਸਕਦੇ ਹਾਂ। ਇਸ ਨੂੰ ਕੂੜਾ- ਪ੍ਰਬੰਧਨ ਦੇ 5 ਨੁਕਤੇ (5R) ਕਿਹਾ ਜਾਂਦਾ ਹੈ।

**ਇਹ 5 ਨੁਕਤੇ (5R) ਹਨ:**

**ਮਨ੍ਹਾ ਕਰਨਾ (Refuse):** ਜਿਨ੍ਹਾਂ ਚੀਜ਼ਾਂ ਨਾਲ਼ ਕੂੜਾ ਪੈਦਾ ਹੁੰਦਾ ਹੈ, ਦੀ ਵਰਤੋਂ ਕਰਨ ਤੋਂ 'ਨਾਂਹ' ਕਹਿਣਾ। ਉਦਾਹਰਨ ਵਜੋਂ, ਇਕਹਰੀ ਵਰਤੋਂ ਵਾਲ਼ੇ ਕਾਗਜ਼ ਦੇ ਕੱਪਾਂ ਨੂੰ ਮਨ੍ਹਾ ਕਰਨਾ।

**ਘਟਾਉਣਾ (Reduce):** ਚੀਜ਼ਾਂ ਨੂੰ ਧਿਆਨ ਨਾਲ਼ ਵਰਤਣਾ ਤਾਂ ਜੋ ਅਸੀਂ ਘੱਟ ਕੂੜਾ ਪੈਦਾ ਕਰੀਏ। ਉਦਾਹਰਨ ਵਜੋਂ, ਨੋਟਸ ਬਣਾਉਣ ਲਈ ਕਾਗਜ਼ ਦੇ ਦੋਵੇਂ ਪਾਸਿਆਂ ਨੂੰ ਵਰਤਣਾ।

**ਪੁਨਰ-ਵਰਤੋਂ (Reuse):** ਕਿਸੇ ਚੀਜ਼ ਨੂੰ ਨਸ਼ਟ ਕਰਨ ਤੋਂ ਪਹਿਲਾਂ ਕਈ ਵਾਰ ਵਰਤਣਾ। ਉਦਾਹਰਨ ਵਜੋਂ, ਇੱਕ ਤੋਹਫ਼ੇ ਵਾਲ਼ੇ ਬੈਗ ਨੂੰ ਸੁੱਟਣ ਦੀ ਥਾਂ 'ਤੇ ਇਸ ਦੀ ਵਰਤੋਂ ਕਿਸੇ ਹੋਰ ਮੌਕੇ ਲਈ ਕਰਨਾ।

**ਅਧਿਆਪਕ ਲਈ ਨੋਟ**

ਅਧਿਆਪਕ ਵਿਦਿਆਰਥੀਆਂ ਨੂੰ ਗਤੀਵਿਧੀ ਕਰਨ ਲਈ ਵਰਤਿਆ ਹੋਇਆ ਕਾਗਜ਼ ਜਾਂ ਕਾਗਜ਼ ਦੇ ਛੋਟੇ ਟੁਕੜੇ ਲਿਆਉਣ ਲਈ ਮਾਰਗ-ਦਰਸ਼ਨ ਕਰ ਸਕਦੇ ਹਨ।

© NCERT not to be republished



**ਪੁਨਰ-ਉਦੇਸ਼ (Repurpose):** ਕਿਸੇ ਚੀਜ਼ ਦੀ ਨਵੇਂ ਅਤੇ ਨਿਵੇਕਲੇ ਤਰੀਕੇ ਨਾਲ਼ ਵਰਤੋਂ ਕਰਨਾ। ਉਦਾਹਰਨ ਵਜੋਂ, ਪੁਰਾਣੇ ਅਖ਼ਬਾਰਾਂ ਦੀ ਵਰਤੋਂ ਕਰਕੇ ਖਿਡੌਣੇ ਜਾਂ ਸਜਾਵਟੀ ਵਸਤੂਆਂ ਬਣਾਉਣਾ।

**ਪੁਨਰ-ਨਿਰਮਾਣ (Recycle):** ਪੁਨਰ-ਨਿਰਮਾਣ ਇੱਕ ਪ੍ਰਕਿਰਿਆ ਹੈ, ਜਿਸ ਵਿੱਚ ਉਹ ਪੜਾਅ ਸ਼ਾਮਲ ਹੁੰਦੇ ਹਨ ਜੋ ਕਿਸੇ ਚੀਜ਼ ਨੂੰ ਨਵੇਂ ਰੂਪ ਵਿੱਚ ਬਦਲ ਸਕਦੇ ਹਨ। ਉਦਾਹਰਨ ਵਜੋਂ, ਪੁਰਾਣੇ ਅਖ਼ਬਾਰਾਂ ਨੂੰ ਵਰਤ ਕੇ ਹੱਥ-ਨਿਰਮਿਤ ਕਾਗਜ਼ ਬਣਾਇਆ ਜਾ ਸਕਦਾ ਹੈ।

ਆਓ ਇਹਨਾਂ 5 ਨੁਕਤਿਆਂ (5R) ਬਾਰੇ ਹੋਰ ਜਾਣੀਏ।



## ਗਤੀਵਿਧੀ 5

ਆਪਣੇ ਸਾਥੀਆਂ ਨਾਲ਼ ਹੇਠ ਲਿਖੀਆਂ ਸਥਿਤੀਆਂ ਬਾਰੇ ਚਰਚਾ ਕਰੋ ਅਤੇ ਲਿਖੋ ਕਿ ਇਹ 5 ਨੁਕਤਿਆਂ ਦੇ ਕਿਸ ਭਾਗ ਨਾਲ਼ ਸੰਬੰਧਿਤ ਹਨ:

| ਉਦਾਹਰਨ | ਕੂੜਾ-ਪ੍ਰਬੰਧਨ ਦੇ 5 ਨੁਕਤੇ (5R) |
|---|---|
| ਇੱਕ ਪਰਿਵਾਰ ਕਰਿਆਨੇ ਦੀ ਦੁਕਾਨ 'ਤੇ ਪਲਾਸਟਿਕ ਦੇ ਥੈਲੇ ਦੀ ਵਰਤੋਂ ਕਰਨ ਦੀ ਥਾਂ ਆਪਣਾ ਕੱਪੜੇ ਦਾ ਥੈਲਾ ਲਿਆਉਂਦਾ ਹੈ। | ਪੁਨਰ-ਵਰਤੋਂ |
| ਮਾਇਆ, ਨਾਰੀਅਲ ਪਾਣੀ ਪੀਣ ਲਈ ਪਲਾਸਟਿਕ ਪਾਈਪ ਦੀ ਵਰਤੋਂ ਨਹੀਂ ਕਰਦੀ। | |
| ਰੋਹਨ, ਕਾਗਜ਼ ਦੀ ਬਰਬਾਦੀ ਰੋਕਣ ਲਈ ਆਪਣੀਆਂ ਪੁਰਾਣੀਆਂ ਕਾਪੀਆਂ ਦੇ ਖਾਲੀ ਪੰਨਿਆਂ ਦੀ ਵਰਤੋਂ ਕਰਦਾ ਹੈ। | |
| ਸਾਰਾ, ਆਪਣੀਆਂ ਪੁਰਾਣੀਆਂ ਕਿਤਾਬਾਂ ਛੋਟੇ ਵਿਦਿਆਰਥੀਆਂ ਨੂੰ ਵਰਤਣ ਲਈ ਦੇ ਦਿੰਦੀ ਹੈ। | |
| ਕਬੀਰ, ਇੱਕ ਪੁਰਾਣੀ ਬੋਤਲ ਪੇਂਟ ਕਰਕੇ ਫੁੱਲਦਾਨ ਵਜੋਂ ਵਰਤਦਾ ਹੈ। | |
| ਪ੍ਰਿਆ, ਆਪਣੀਆਂ ਕਿਤਾਬਾਂ ਚੁੱਕਣ ਲਈ,ਪੁਰਾਣੇ ਕੱਪੜੇ ਕੱਟ ਕੇ ਇੱਕ ਸ਼ਾਨਦਾਰ ਬੈਗ ਬਣਾਉਂਦੀ ਹੈ। | |
| ਇੱਕ ਦੁਕਾਨਦਾਰ ਪੁਰਾਣੇ ਅਖ਼ਬਾਰ ਵਰਤ ਕੇ ਕਾਗਜ਼ ਦੇ ਲਿਫ਼ਾਫ਼ੇ ਬਣਾਉਂਦਾ ਹੈ। | |

© NCERT not to be republished





ਅਸੀਂ ਆਪਣੇ ਜੀਵਨ ਵਿੱਚ ਇਹ ਛੋਟੇ-ਛੋਟੇ ਬਦਲਾਅ ਲਿਆ ਕੇ, ਆਪਣੇ ਵਾਤਾਵਰਨ ਨੂੰ ਸੰਭਾਲ਼ ਸਕਦੇ ਹਾਂ, ਆਪਣੇ ਸਰੋਤਾਂ ਨੂੰ ਬਚਾਅ ਸਕਦੇ ਹਾਂ ਅਤੇ ਵਿਅਰਥ ਪਦਾਰਥਾਂ ਕਾਰਨ ਹੋਣ ਵਾਲ਼ੇ ਪ੍ਰਦੂਸ਼ਣ ਨੂੰ ਘਟਾ ਸਕਦੇ ਹਾਂ।



## ਆਓ ਕਾਗਜ਼ ਨਾਲ਼ ਕੁਝ ਰਚਨਾਤਮਕ ਕੰਮ ਕਰੀਏ


ਅਸੀਂ ਵਰਤੇ ਹੋਏ ਕਾਗਜ਼ ਨਾਲ਼ ਬਹੁਤ ਸਾਰੀਆਂ ਚੀਜ਼ਾਂ ਬਣਾ ਸਕਦੇ ਹਾਂ। ਇੱਥੇ ਪੁਰਾਣੇ ਅਖ਼ਬਾਰਾਂ ਦੀ ਵਰਤੋਂ ਕਰਕੇ ਖਿਡੌਣੇ ਅਤੇ ਸਜਾਵਟੀ ਸਮਾਨ ਬਣਾਉਣ ਲਈ ਕੁਝ ਸਿਰਜਣਾਤਮਕ ਵਿਚਾਰ ਦਿੱਤੇ ਗਏ ਹਨ।



© NCERT not to be republished

## ਆਓ ਵਿਚਾਰ ਕਰੀਏ

1. ਕਾਗਜ਼ ਦੇ ਗੁੱਦੇ ਦੀ ਵਰਤੋਂ ਕਰਕੇ ਤੁਸੀਂ ਕਿਹੜੀਆਂ ਚੀਜ਼ਾਂ ਬਣਾ ਸਕਦੇ ਹੋ? ਹੋਰ ਸੁਝਾਅ ਲੈਣ ਲਈ ਆਪਣੇ ਅਧਿਆਪਕਾਂ ਅਤੇ ਵੱਡਿਆਂ ਨਾਲ਼ ਗੱਲਬਾਤ ਕਰੋ।
2. ਹੇਠਾਂ ਦਿੱਤੇ ਗਏ ਖਾਨਿਆਂ ਵਿੱਚ ਹਰੇਕ ਨੁਕਤੇ ਲਈ ਤੁਹਾਡੇ ਦੁਆਰਾ ਚੁੱਕੇ ਜਾਣ ਵਾਲ਼ੇ ਕਿਸੇ ਇੱਕ ਕਦਮ ਬਾਰੇ ਲਿਖੋ।




3. 5 ਨੁਕਤੀ ਨਿਯਮ ਦੀ ਵਰਤੋਂ ਕਰਕੇ ਕਾਗਜ਼ ਦੀ ਬਰਬਾਦੀ ਨੂੰ ਰੋਕਣ ਲਈ ਆਪਣੇ ਰੋਜ਼ਾਨਾ ਜੀਵਨ ਵਿੱਚ ਕਿਹੜੀਆਂ ਤਬਦੀਲੀਆਂ ਲਿਆ ਸਕਦੇ ਹਾਂ, ਚਰਚਾ ਕਰੋ। ਇਹ ਤਬਦੀਲੀਆਂ ਲਿਆਉਣ ਲਈ ਆਪਣੇ ਵਿਚਾਰ ਹੇਠ ਦਿੱਤੀ ਸਾਰਨੀ ਵਿੱਚ ਦਰਜ ਕਰੋ।

| | |
|---|---|
| ਮਨ੍ਹਾ ਕਰਨਾ | |
| ਘਟਾਉਣਾ | |
| ਪੁਨਰ-ਵਰਤੋਂ | |
| ਪੁਨਰ-ਉਦੇਸ਼ | |
| ਪੁਨਰ-ਨਿਰਮਾਣ | |

© NCERT not to be republished

